ਮਿੱਠੇ ਬੱਚੇ:- "ਮਿੱਠੇ ਬੱਚੇ :- ਪਾਸ ਵਿਦ ਆਨਰ ਹੋਣਾ ਹੈ ਤਾਂ ਸ਼੍ਰੀਮਤ ਤੇ ਚੱਲਦੇ ਰਹੋ, ਕੁਸੰਗ ਅਤੇ ਮਾਇਆ ਦੇ ਤੂਫ਼ਾਨਾਂ ਤੋਂ ਆਪਣੀ ਸੰਭਾਲ ਕਰੋ"

ਪ੍ਰਸ਼ਨ:- ਬਾਪ ਨੇ ਬੱਚਿਆਂ ਦੀ ਕੀ ਸੇਵਾ ਕੀਤੀ, ਜੋ ਬੱਚਿਆਂ ਨੂੰ ਵੀ ਕਰਨੀ ਹੈ?

ਉੱਤਰ:- ਬਾਪ ਨੇ ਲਾਡਲੇ ਬੱਚੇ ਕਹਿ ਕੇ ਹੀਰੇ ਵਰਗਾ ਬਣਾਉਣ ਦੀ ਸੇਵਾ ਕੀਤੀ। ਇਵੇਂ ਅਸੀਂ ਬੱਚਿਆਂ ਨੂੰ ਵੀ ਆਪਣੇ ਮਿੱਠੇ ਭਰਾਵਾਂ ਨੂੰ ਹੀਰੇ ਵਰਗਾ ਬਣਾਉਣਾ ਹੈ। ਇਸ ਵਿੱਚ ਕੋਈ ਤਕਲੀਫ ਦੀ ਗੱਲ ਨਹੀਂ ਹੈ, ਸਿਰਫ ਕਹਿਣਾ ਹੈ ਕਿ ਬਾਪ ਨੂੰ ਯਾਦ ਕਰੋ ਤਾਂ ਹੀਰੇ ਵਰਗਾ ਬਣ ਜਾਓਗੇ।

ਪ੍ਰਸ਼ਨ:- ਬਾਪ ਨੇ ਕਿਹੜਾ ਹੁਕਮ ਆਪਣੇ ਬੱਚਿਆਂ ਨੂੰ ਦਿੱਤਾ ਹੈ?

ਉੱਤਰ:- ਬੱਚੇ, ਤੁਸੀਂ ਸੱਚ ਕਮਾਈ ਕਰੋ ਅਤੇ ਕਰਾਓ। ਤੁਹਾਨੂੰ ਕਿਸੇ ਤੋਂ ਵੀ ਉਧਾਰ ਲੈਣ ਦਾ ਹੁਕਮ ਨਹੀਂ ਹੈ।

ਗੀਤ:- ਇਸ ਪਾਪ ਦੀ ਦੁਨੀਆਂ ਤੋਂ...

ਓਮ ਸ਼ਾਂਤੀ। ਨਵੀਂ ਦੁਨੀਆਂ ਵਿੱਚ ਚੱਲਣ ਵਾਲੇ ਮਿੱਠੇ - ਮਿੱਠੇ ਰੂਹਾਨੀ ਬੱਚਿਆਂ ਪ੍ਰਤੀ ਬਾਪ ਗੁੱਡਮਾਰਨਿੰਗ ਕਰ ਰਹੇ ਹਨ। ਰੂਹਾਨੀ ਬੱਚੇ ਨੰਬਰਵਾਰ ਪੁਰਸ਼ਾਰਥ ਅਨੁਸਾਰ ਜਾਣਦੇ ਹਨ ਕਿ ਬਰੋਬਰ ਅਸੀਂ ਇਸ ਦੁਨੀਆਂ ਤੋਂ ਦੂਰ ਜਾ ਰਹੇ ਹਾਂ। ਕਿੱਥੇ? ਆਪਣੇ ਸਵੀਟ ਸਾਈਲੈਂਸ ਹੋਮ ਵਿੱਚ। ਸ਼ਾਂਤੀਧਾਮ ਹੀ ਦੂਰ ਹੈ, ਜਿੱਥੋਂ ਅਸੀਂ ਆਤਮਾਵਾਂ ਆਉਂਦੀਆਂ ਹਾਂ ਉਹ ਹੈ ਮੂਲਵਤਨ, ਇਹ ਹੈ ਸਥੂਲ ਵਤਨ। ਉਹ ਹੈ ਸਾਡਾ ਆਤਮਾਵਾਂ ਦਾ ਘਰ। ਉਸ ਘਰ ਵਿੱਚ ਬਾਪ ਬਗੈਰ ਤਾਂ ਕੋਈ ਲੈਕੇ ਜਾ ਨਾ ਸਕੇ। ਤੁਸੀਂ ਸਭ ਬ੍ਰਾਹਮਣ - ਬ੍ਰਹਮਣੀਆਂ ਰੂਹਾਨੀ ਸਰਵਿਸ ਕਰ ਰਹੇ ਹੋ। ਕਿਸ ਨੇ ਸਿਖਾਇਆ ਹੈ? ਦੂਰ ਲੈ ਜਾਣ ਵਾਲੇ ਬਾਪ ਨੇ। ਕਿੰਨਿਆਂ ਨੂੰ ਲੈ ਜਾਣਗੇ ਦੂਰ? ਅਣਗਿਣਤ ਹਨ। ਇੱਕ ਪੰਡੇ ਦੇ ਬੱਚੇ ਤੁਸੀਂ ਸਭ ਵੀ ਪੰਡੇ ਹੋ। ਤੁਹਾਡਾ ਨਾਮ ਹੀ ਹੈ ਪਾਂਡਵ ਸੈਨਾ। ਤੁਸੀਂ ਬੱਚੇ ਹਰ ਇੱਕ ਨੂੰ ਦੂਰ ਲੈ ਜਾਣ ਦੀ ਯੁਕਤੀ ਦੱਸਦੇ ਹੋ - ਮਨਮਨਾਭਵ, ਬਾਪ ਨੂੰ ਯਾਦ ਕਰੋ। ਕਹਿੰਦੇ ਵੀ ਹਨ - ਬਾਬਾ, ਇਸ ਦੁਨੀਆਂ ਤੋਂ ਕਿੱਥੇ ਦੂਰ ਲੈ ਚੱਲੋ। ਨਵੀਂ ਦੁਨੀਆਂ ਵਿੱਚ ਤਾਂ ਇਵੇਂ ਨਹੀਂ ਕਹਿਣਗੇ। ਇੱਥੇ ਹੈ ਰਾਵਣ ਰਾਜ, ਤਾਂ ਕਹਿੰਦੇ ਹਨ ਇਸ ਤੋਂ ਦੂਰ ਲੈ ਚੱਲੋ, ਇੱਥੇ ਚੈਨ ਨਹੀਂ ਹੈ। ਇਸ ਦਾ ਨਾਮ ਹੀ ਹੈ ਦੁੱਖਧਾਮ। ਹੁਣ ਬਾਪ ਤੁਹਾਨੂੰ ਕੋਈ ਧੱਕਾ ਨਹੀਂ ਖਿਲਾਉਂਦੇ ਹਨ। ਭਗਤੀ ਮਾਰਗ ਵਿੱਚ ਬਾਪ ਨੂੰ ਲੱਭਣ ਲਈ ਤੁਸੀਂ ਕਿੰਨੇ ਧੱਕੇ ਖਾਂਦੇ ਹੋ। ਬਾਪ ਖੁਦ ਕਹਿੰਦੇ ਹਨ ਮੈਂ ਹਾਂ ਹੀ ਗੁਪਤ। ਇਨ੍ਹਾਂ ਅੱਖਾਂ ਤੋਂ ਕੋਈ ਮੈਨੂੰ ਵੇਖ ਨਹੀਂ ਸਕਦੇ। ਕ੍ਰਿਸ਼ਨ ਦੇ ਮੰਦਿਰ ਵਿੱਚ ਮੱਥਾ ਟੇਕਣ ਦੇ ਲਈ ਚਾਖੜੀ ਰੱਖਦੇ ਹਨ, ਮੈਨੂੰ ਤਾਂ ਪੈਰ ਹੈ ਨਹੀਂ ਜੋ ਤੁਹਾਨੂੰ ਮੱਥਾ ਟੇਕਣਾ ਪਵੇ। ਤੁਹਾਨੂੰ ਤਾਂ ਸਿਰਫ ਕਹਿੰਦਾ ਹਾਂ - ਲਾਡਲੇ ਬੱਚੇ, ਤੁਸੀਂ ਵੀ ਹੋਰਾਂ ਨੂੰ ਕਹਿੰਦੇ ਹੋ - ਮਿੱਠੇ ਭਰਾਵੋ, ਪਾਰਲੌਕਿਕ ਬਾਪ ਨੂੰ ਯਾਦ ਕਰੋ ਤਾਂ ਵਿਕਰਮ ਵਿਨਾਸ਼ ਹੋਣ। ਬਸ ਹੋਰ ਕੋਈ ਤਕਲੀਫ ਨਹੀਂ। ਜਿਵੇਂ ਬਾਪ ਹੀਰੇ ਵਰਗਾ ਬਣਾਉਂਦੇ ਹਨ, ਬੱਚੇ ਵੀ ਹੋਰਾਂ ਨੂੰ ਹੀਰੇ ਵਰਗਾ ਬਣਾਉਂਦੇ ਹਨ। ਇਹ ਹੀ ਸਿੱਖਣਾ ਹੈ - ਮਨੁੱਖ ਨੂੰ ਹੀਰੇ ਵਰਗਾ ਕਿਵੇਂ ਬਣਾਈਏ? ਡਰਾਮਾ ਅਨੁਸਾਰ ਕਲਪ ਪਹਿਲੇ ਮੁਆਫਿਕ ਕਲਪ - ਕਲਪ ਦੇ ਸੰਗਮ ਤੇ ਬਾਪ ਆਕੇ ਸਾਨੂੰ ਸਿਖਾਉਂਦੇ ਹਨ। ਫਿਰ ਅਸੀਂ ਹੋਰਾਂ ਨੂੰ ਸਿਖਾਉਂਦੇ ਹਾਂ। ਬਾਪ ਹੀਰੇ ਵਰਗਾ ਬਣਾ ਰਹੇ ਹਨ। ਤੁਹਾਨੂੰ ਪਤਾ ਹੈ ਖੋਜਾਂ ਦੇ ਗੁਰੂ ਆਗਾਖਾਂ ਦਾ ਸੋਨੇ, ਚਾਂਦੀ, ਹੀਰੇ ਵਿੱਚ ਵਜ਼ਨ ਕੀਤਾ ਸੀ। ਨਹਿਰੂ ਨੂੰ ਸੋਨੇ ਵਿੱਚ ਵਜ਼ਨ ਕੀਤਾ ਸੀ। ਹੁਣ ਉਹ ਕੋਈ ਹੀਰੇ ਵਰਗਾ ਬਣਾਉਂਦੇ ਤਾਂ ਨਹੀਂ ਸੀ। ਬਾਪ ਤਾਂ ਤੁਹਾਨੂੰ ਹੀਰੇ ਵਰਗਾ ਬਣਾਉਂਦੇ ਹਨ। ਉਨ੍ਹਾਂ ਨੂੰ ਤੁਸੀਂ ਕਿਸ ਵਿੱਚ ਵਜ਼ਨ ਕਰੋਗੇ? ਤੁਸੀਂ ਹੀਰੇ ਆਦਿ ਕੀ ਕਰੋਗੇ। ਤੁਹਾਨੂੰ ਤਾਂ ਲੋੜ ਹੀ ਨਹੀਂ। ਉਹ ਲੋਕ ਤਾਂ ਰੇਸ ਵਿੱਚ ਬਹੁਤ ਪੈਸੇ ਉਡਾਉਂਦੇ ਹਨ। ਮਕਾਨ, ਪ੍ਰਾਪਰਟੀ ਆਦਿ ਬਣਾਉਂਦੇ ਰਹਿੰਦੇ ਹਨ। ਤੁਸੀਂ ਬੱਚੇ ਤਾਂ ਸੱਚੀ ਕਮਾਈ ਕਰ ਰਹੇ ਹੋ। ਤੁਸੀਂ ਕੋਈ ਤੋਂ ਉਧਾਰ ਲਵੋ ਤਾਂ ਫਿਰ 21 ਜਨਮ ਦੇ ਲਈ ਭਰਕੇ ਦੇਣਾ ਪਵੇ। ਤੁਹਾਨੂੰ ਕਿਸੇ ਤੋਂ ਉਧਾਰ ਲੈਣ ਦਾ ਹੁਕਮ ਨਹੀਂ ਹੈ। ਤੁਸੀਂ ਜਾਣਦੇ ਹੋ ਇਸ ਸਮੇਂ ਹੈ ਝੂਠੀ ਕਮਾਈ, ਜੋ ਖਤਮ ਹੋ ਜਾਣ ਵਾਲੀ ਹੈ। ਬਾਬਾ ਨੇ ਵੇਖਿਆ ਇਹ ਤਾਂ ਕੌਡੀਆਂ ਹਨ, ਸਾਨੂੰ ਹੀਰੇ ਮਿਲਦੇ ਹਨ, ਤਾਂ ਫਿਰ ਇਹ ਕੌਡੀਆਂ ਕੀ ਕਰਨਗੇ? ਕਿਓਂ ਨਾ ਬਾਪ ਤੋਂ ਬੇਹੱਦ ਦਾ ਵਰਸਾ ਲਈਏ। ਖਾਣਾ ਤਾਂ ਮਿਲਣਾ ਹੀ ਹੈ। ਇੱਕ ਕਹਾਵਤ ਵੀ ਹੈ - ਹੱਥ ਜਿਨ੍ਹਾਂ ਦਾ ਇਵੇਂ... ਪਹਿਲਾ ਪੂਰ (ਪਹਿਲਾ ਨੰਬਰ) ਉਹ ਪਾ ਲੈਂਦੇ ਹਨ। ਬਾਬਾ ਨੂੰ ਸ਼ਰਾਫ ਵੀ ਕਹਿੰਦੇ ਹਨ ਨਾ। ਤਾਂ ਬਾਪ ਕਹਿੰਦੇ ਹਨ ਤੁਹਾਡੀ ਪੁਰਾਣੀ ਚੀਜ਼ਾਂ ਐਕਸਚੇਂਜ ਕਰਦਾ ਹਾਂ। ਕੋਈ ਮਰਦਾ ਹੈ ਤਾਂ ਪੁਰਾਣੀ ਚੀਜ਼ਾਂ ਕਰਨੀਘੋਰ ਨੂੰ ਦਿੰਦੇ ਹਨ ਨਾ। ਬਾਪ ਕਹਿੰਦੇ ਹਨ ਮੈ ਤੁਹਾਡੇ ਤੋਂ ਲੈਂਦਾ ਕੀ ਹਾਂ, ਇਹ ਸੈਂਪਲ ਵੇਖੋ। ਦ੍ਰੋਪਦੀ ਵੀ ਇੱਕ ਤਾਂ ਨਹੀਂ ਸੀ ਨਾ। ਤੁਸੀਂ ਸਭ ਦ੍ਰੋਪਦੀਆਂ ਹੋ। ਬਹੁਤ ਪੁਕਾਰਦੀ ਹਨ ਬਾਬਾ ਸਾਨੂੰ ਨੰਗਨ ਹੋਣ ਤੋਂ ਬਚਾਓ। ਬਾਬਾ ਕਿੰਨਾ ਪਿਆਰ ਨਾਲ ਸਮਝਾਉਂਦੇ ਹਨ - ਬੱਚੇ, ਇਹ ਅੰਤਿਮ ਜਨਮ ਪਵਿੱਤਰ ਬਣੋ। ਬਾਪ ਕਹਿੰਦੇ ਹਨ ਨਾ ਬੱਚਿਆਂ ਨੂੰ, ਕਿ ਮੇਰੇ ਦਾੜੀ ਦੀ ਲਾਜ ਰੱਖੋ, ਕੁਲ ਨੂੰ ਕਲੰਕ ਨਹੀਂ ਲਾਓ। ਤੁਸੀਂ ਮਿੱਠੇ - ਮਿੱਠੇ ਬੱਚਿਆਂ ਨੂੰ ਕਿੰਨਾ ਫ਼ਖਰ ਹੋਣਾ ਚਾਹੀਦਾ ਹੈ। ਬਾਪ ਤੁਹਾਨੂੰ ਹੀਰੇ ਵਰਗਾ ਬਣਾਉਂਦੇ ਹਨ, ਇਨ੍ਹਾਂ ਨੂੰ ਵੀ ਉਹ ਬਾਪ ਹੀਰੇ ਵਰਗਾ ਬਣਾਉਂਦੇ ਹਨ। ਯਾਦ ਉਨ੍ਹਾਂ ਨੂੰ ਕਰਨਾ ਹੈ। ਇਹ ਬਾਬਾ ਬ੍ਰਹਮਾ ਕਹਿੰਦੇ ਹਨ ਮੈਨੂੰ ਯਾਦ ਕਰਨ ਨਾਲ ਤੁਹਾਡੇ ਵਿਕਰਮ ਵਿਨਾਸ਼ ਨਹੀਂ ਹੋਣਗੇ। ਮੈ ਤੁਹਾਡਾ ਗੁਰੂ ਨਹੀਂ ਹਾਂ। ਉਹ ਸਾਨੂੰ ਸਿਖਾਉਂਦੇ ਹਨ, ਅਸੀਂ ਫਿਰ ਤੁਹਾਨੂੰ ਸਿਖਾਉਂਦੇ ਹਾਂ। ਹੀਰੇ ਵਰਗਾ ਬਣਨਾ ਹੈ ਤਾਂ ਬਾਪ ਨੂੰ ਯਾਦ ਕਰੋ।

ਬਾਬਾ ਨੇ ਸਮਝਾਇਆ ਹੈ ਭਗਤੀ ਮਾਰਗ ਵਿੱਚ ਭਾਵੇਂ ਕੋਈ ਦੇਵਤਾ ਦੀ ਭਗਤੀ ਕਰਦੇ ਰਹਿੰਦੇ ਹਨ, ਫਿਰ ਵੀ ਬੁੱਧੀ ਦੁਕਾਨ, ਧੰਦੇ ਆਦਿ ਵੱਲ ਭੱਜਦੀ ਰਹਿੰਦੀ ਹੈ, ਕਿਓਂਕਿ ਉਸ ਨਾਲ ਆਮਦਨੀ ਹੁੰਦੀ ਹੈ। ਬਾਬਾ ਆਪਣਾ ਅਨੁਭਵ ਵੀ ਸੁਣਾਉਂਦੇ ਹਨ ਕਿ ਜਦ ਬੁੱਧੀ ਇੱਧਰ - ਉੱਧਰ ਭੱਜਦੀ ਸੀ ਤਾਂ ਆਪਣੇ ਨੂੰ ਚਮਾਟ ਮਾਰਦਾ ਸੀ - ਇਹ ਯਾਦ ਕਿਓਂ ਆਉਂਦੇ ਹਨ? ਤਾਂ ਹੁਣ ਅਸੀਂ ਆਤਮਾਵਾਂ ਨੂੰ ਇੱਕ ਬਾਪ ਨੂੰ ਹੀ ਯਾਦ ਕਰਨਾ ਹੈ, ਪਰ ਮਾਇਆ ਘੜੀ - ਘੜੀ ਭੁਲਾ ਦਿੰਦੀ ਹੈ, ਘੂਸਾ ਲੱਗਦਾ ਹੈ। ਮਾਇਆ ਬੁੱਧੀਯੋਗ ਤੋੜ ਦਿੰਦੀ ਹੈ। ਇਵੇਂ - ਇਵੇਂ ਆਪਣੇ ਨਾਲ ਗੱਲਾਂ ਕਰਨੀ ਚਾਹੀਦੀ ਹੈ। ਬਾਪ ਕਹਿੰਦੇ ਹਨ - ਹੁਣ ਆਪਣਾ ਕਲਿਆਣ ਕਰੋ ਤਾਂ ਦੂਸਰਿਆਂ ਦਾ ਵੀ ਕਲਿਆਣ ਕਰੋ। ਸੈਂਟਰਸ ਖੋਲੋ। ਇਵੇਂ ਬਹੁਤ ਬੱਚੇ ਬੋਲਦੇ ਹਨ - ਬਾਬਾ, ਫਲਾਣੀ ਜਗ੍ਹਾ ਸੈਂਟਰ ਖੋਲਾਂ? ਬਾਪ ਕਹਿੰਦੇ ਹਨ ਮੈ ਤਾਂ ਦਾਤਾ ਹਾਂ। ਸਾਨੂੰ ਕੁਝ ਲੋੜ ਨਹੀਂ। ਇਹ ਮਕਾਨ ਆਦਿ ਵੀ ਤੁਸੀਂ ਬੱਚਿਆਂ ਦੇ ਲਈ ਬਣਾਉਂਦੇ ਹਨ ਨਾ। ਸ਼ਿਵਬਾਬਾ ਤਾਂ ਤੁਹਾਨੂੰ ਹੀਰੇ ਵਰਗਾ ਬਣਾਉਣ ਆਏ ਹਨ। ਤੁਸੀਂ ਜੋ ਕੁਝ ਕਰਦੇ ਹੋ ਉਹ ਤੁਹਾਡੇ ਹੀ ਕੰਮ ਵਿੱਚ ਆਉਂਦਾ ਹੈ। ਇਹ ਕੋਈ ਗੁਰੂ ਨਹੀਂ ਹੈ ਜੋ ਚੇਲਾ ਆਦਿ ਬਣਾਵੇ, ਮਕਾਨ ਬੱਚੇ ਹੀ ਬਣਾਉਂਦੇ ਹਨ ਆਪਣੇ ਰਹਿਣ ਦੇ ਲਈ। ਹਾਂ, ਬਣਾਉਣ ਵਾਲੇ ਜਦ ਆਉਂਦੇ ਹਨ ਤਾਂ ਖਾਤਰੀ ਕੀਤੀ ਜਾਂਦੀ ਹੈ ਕਿ ਤੁਸੀਂ ਉੱਪਰ ਵਿੱਚ ਨਵੇਂ ਮਕਾਨ ਵਿੱਚ ਜਾਕੇ ਰਹੋ। ਕੋਈ ਤਾਂ ਕਹਿੰਦੇ ਹਨ ਨਵੇਂ ਮਕਾਨ ਵਿੱਚ ਕਿਓਂ ਰਹੀਏ, ਸਾਨੂੰ ਤਾਂ ਪੁਰਾਣਾ ਹੀ ਚੰਗਾ ਲੱਗਦਾ ਹੈ। ਜਿਵੇਂ ਆਪ ਰਹਿੰਦੇ ਹੋ, ਅਸੀਂ ਵੀ ਰਹਾਂਗੇ। ਸਾਨੂੰ ਕੋਈ ਹੰਕਾਰ ਨਹੀਂ ਹੈ ਕਿ ਮੈ ਦਾਤਾ ਹਾਂ। ਬਾਪਦਾਦਾ ਹੀ ਨਹੀਂ ਰਹਿੰਦੇ ਤਾਂ ਮੈ ਕਿਓਂ ਰਹਾਂ? ਸਾਨੂੰ ਵੀ ਆਪਣੇ ਨਾਲ ਰੱਖੋ। ਜਿੰਨਾ ਤੁਹਾਡੇ ਨਜ਼ਦੀਕ ਹੋਵਾਂਗੇ ਉੰਨਾ ਚੰਗਾ ਹੈ।

ਬਾਪ ਸਮਝਾਉਂਦੇ ਹਨ ਜਿੰਨਾ ਪੁਰਸ਼ਾਰਥ ਕਰੋਗੇ ਤਾਂ ਸੁੱਖਧਾਮ ਵਿੱਚ ਉੱਚ ਪਦ ਪਾਉਣਗੇ। ਸ੍ਵਰਗ ਵਿੱਚ ਤਾਂ ਸਭ ਜਾਣਗੇ ਨਾ। ਭਾਰਤਵਾਸੀ ਜਾਣਦੇ ਹਨ ਭਾਰਤ ਪੁੰਨ ਆਤਮਾਵਾਂ ਦੀ ਦੁਨੀਆਂ ਸੀ, ਪਾਪ ਦਾ ਨਾਮ ਨਹੀਂ ਸੀ। ਹੁਣ ਤਾਂ ਪਾਪ ਆਤਮਾ ਬਣ ਗਏ ਹਾਂ। ਇਹ ਹੈ ਰਾਵਣ ਰਾਜ। ਸਤਿਯੁਗ ਵਿੱਚ ਰਾਵਣ ਹੁੰਦਾ ਨਹੀਂ। ਰਾਵਣ ਰਾਜ ਹੁੰਦਾ ਹੀ ਹੈ ਅੱਧਾਕਲਪ ਬਾਦ। ਬਾਪ ਇੰਨਾ ਸਮਝਾਉਂਦੇ ਹਨ ਤਾਂ ਵੀ ਸਮਝਦੇ ਨਹੀਂ। ਕਲਪ - ਕਲਪ ਇਵੇਂ ਹੁੰਦਾ ਆਇਆ ਹੈ। ਨਵੀਂ ਗੱਲ ਨਹੀਂ। ਤੁਸੀਂ ਪ੍ਰਦਰਸ਼ਨੀਆਂ ਕਰਦੇ ਹੋ, ਕਿੰਨੇ ਢੇਰ ਆਉਂਦੇ ਹਨ। ਪ੍ਰਜਾ ਤਾਂ ਬਹੁਤ ਬਣੇਗੀ। ਹੀਰੇ ਵਰਗਾ ਬਣਨ ਵਿੱਚ ਤਾਂ ਟਾਈਮ ਲੱਗਦਾ ਹੈ। ਪ੍ਰਜਾ ਬਣ ਜਾਵੇ ਉਹ ਵੀ ਚੰਗਾ ਹੈ। ਹੁਣ ਹੈ ਹੀ ਕਿਆਮਤ ਦਾ ਸਮੇਂ। ਸਭ ਦਾ ਹਿਸਾਬ - ਕਿਤਾਬ ਚੁਕਤੂ ਹੁੰਦਾ ਹੈ। 8 ਦੀ ਮਾਲਾ ਜੋ ਬਣੀ ਹੋਈ ਹੈ ਪਾਸ ਵਿਦ ਆਨਰ ਦੀ। 8 ਦਾਨੇ ਹੀ ਨੰਬਰਵਨ ਵਿੱਚ ਜਾਂਦੇ ਹਨ, ਜਿਨ੍ਹਾਂਨੂੰ ਜ਼ਰਾ ਵੀ ਸਜ਼ਾ ਨਹੀਂ ਮਿਲਦੀ ਹੈ। ਕਰਮਾਤੀਤ ਅਵਸਥਾ ਨੂੰ ਪਾ ਲੈਂਦੇ ਹਨ। ਫਿਰ ਹੈ 108, ਨੰਬਰਵਾਰ ਤਾਂ ਕਹਾਂਗੇ ਨਾ। ਇਹ ਬਣਿਆ - ਬਣਾਇਆ ਅਨਾਦਿ ਡਰਾਮਾ ਹੈ, ਜਿਸ ਨੂੰ ਸਾਕਸ਼ੀ ਹੋਕੇ ਵੇਖਦੇ ਹਨ ਕਿ ਕੌਣ ਚੰਗਾ ਪੁਰਸ਼ਾਰਥ ਕਰਦੇ ਹਨ? ਕੋਈ - ਕੋਈ ਬੱਚੇ ਪਿੱਛੇ ਆਏ ਹਨ, ਸ਼੍ਰੀਮਤ ਤੇ ਚੱਲਦੇ ਰਹਿੰਦੇ ਹਨ। ਇਵੇਂ ਹੀ ਸ਼੍ਰੀਮਤ ਤੇ ਚੱਲਦੇ ਰਹਿਣ ਤਾਂ ਪਾਸ ਵਿਦ ਆਨਰ ਬਣ 8 ਦੀ ਮਾਲਾ ਵਿੱਚ ਆ ਸਕਦੇ ਹਨ। ਹਾਂ, ਚੱਲਦੇ - ਚੱਲਦੇ ਕਦੀ ਗ੍ਰਹਿਚਾਰੀ ਵੀ ਆ ਜਾਂਦੀ ਹੈ। ਇਹ ਉਤਰਾਈ - ਚੜ੍ਹਾਈ ਸਭ ਦੇ ਅੱਗੇ ਆਉਂਦੀ ਹੈ। ਇਹ ਕਮਾਈ ਹੈ। ਕਦੀ ਬਹੁਤ ਖੁਸ਼ੀ ਵਿੱਚ ਰਹਿਣਗੇ, ਕਦੀ ਘੱਟ। ਮਾਇਆ ਦਾ ਤੂਫ਼ਾਨ ਅਤੇ ਕੁਸੰਗ ਪਿੱਛੇ ਹਟਾ ਦਿੰਦਾ ਹਨ। ਖੁਸ਼ੀ ਗੁੰਮ ਹੋ ਜਾਂਦੀ ਹੈ। ਗਾਇਆ ਵੀ ਹੋਇਆ ਹੈ ਸੰਗ ਤਾਰੇ ਕੁਸੰਗ ਬੋਰੇ। ਹੁਣ ਰਾਵਣ ਦਾ ਸੰਗ ਬੋਰੇ, ਰਾਮ ਦਾ ਸੰਗ ਤਾਰੇ। ਰਾਵਣ ਦੀ ਮੱਤ ਤੋਂ ਇਵੇਂ ਦੇ ਬਣੇ ਹਨ। ਦੇਵਤਾ ਵੀ ਵਾਮਮਾਰਗ ਵਿੱਚ ਜਾਂਦੇ ਹਨ। ਉਨ੍ਹਾਂ ਦੇ ਚਿੱਤਰ ਕਿਵੇਂ ਗੰਦੇ ਵਖਾਉਂਦੇ ਹਨ। ਇਹ ਨਿਸ਼ਾਨੀ ਹੈ ਵਾਮ ਮਾਰਗ ਵਿੱਚ ਜਾਣ ਦੀ। ਭਾਰਤ ਵਿੱਚ ਹੀ ਰਾਮ ਰਾਜ ਸੀ, ਭਾਰਤ ਵਿੱਚ ਹੀ ਹੁਣ ਰਾਵਣ ਰਾਜ ਹੈ। ਰਾਵਣ ਰਾਜ ਵਿੱਚ 100 ਪਰਸੈਂਟ ਦੁੱਖੀ ਬਣ ਜਾਂਦੇ ਹਨ। ਇਹ ਖੇਡ ਹੈ। ਇਹ ਨਾਲੇਜ ਕਿਸੇ ਨੂੰ ਵੀ ਸਮਝਾਉਣਾ ਕਿੰਨਾ ਸਹਿਜ ਹੈ।

(ਇੱਕ ਨਰਸ ਬਾਬਾ ਦੇ ਸਾਹਮਣੇ ਬੈਠੀ ਹੈ) ਬਾਬਾ ਇਸ ਬੱਚੀ ਨੂੰ ਕਹਿੰਦੇ ਹਨ ਤੁਸੀਂ ਨਰਸ ਹੋ, ਉਹ ਸਰਵਿਸ ਵੀ ਕਰਦੀ ਰਹੋ, ਨਾਲ - ਨਾਲ ਤੁਸੀਂ ਇਹ ਸਰਵਿਸ ਵੀ ਕਰ ਸਕਦੀ ਹੋ। ਪੇਸ਼ੈਂਟ ਨੂੰ ਵੀ ਇਹ ਗਿਆਨ ਸੁਣਾਉਂਦੀ ਰਹੋ ਕਿ ਬਾਪ ਨੂੰ ਯਾਦ ਕਰੋ ਤਾਂ ਵਿਕਰਮ ਵਿਨਾਸ਼ ਹੋਣਗੇ, ਫਿਰ 21 ਜਨਮਾਂ ਦੇ ਲਈ ਤੁਸੀਂ ਰੋਗੀ ਨਹੀਂ ਬਣੋਗੇ। ਯੋਗ ਨਾਲ ਹੀ ਹੈਲਥ ਅਤੇ ਇਸ 84 ਦੇ ਚੱਕਰ ਨੂੰ ਜਾਣਨ ਨਾਲ ਵੈਲਥ ਮਿਲਦੀ ਹੈ। ਤੁਸੀਂ ਤਾਂ ਬਹੁਤ ਸਰਵਿਸ ਕਰ ਸਕਦੀ ਹੋ, ਬਹੁਤਿਆਂ ਦਾ ਕਲਿਆਣ ਕਰੋਗੀ। ਪੈਸਾ ਵੀ ਜੋ ਮਿਲੇਗਾ ਉਹ ਇਸ ਰੂਹਾਨੀ ਸੇਵਾ ਵਿੱਚ ਲਗਾਏਗੀ। ਅਸਲ ਵਿੱਚ ਤੁਸੀਂ ਵੀ ਸਭ ਨਰਸੇਸ ਹੋ ਨਾ। ਛੀ - ਛੀ ਗੰਦੇ ਮਨੁੱਖਾਂ ਨੂੰ ਦੇਵਤਾ ਬਣਾਉਣਾ - ਇਹ ਨਰਸ ਸਮਾਨ ਸੇਵਾ ਹੋਈ ਨਾ। ਬਾਪ ਵੀ ਕਹਿੰਦੇ ਹਨ ਮੈਨੂੰ ਪਤਿਤ ਮਨੁੱਖ ਬੁਲਾਉਂਦੇ ਹਨ। ਕਿ ਆਕੇ ਪਾਵਨ ਬਣਾਓ। ਤੁਸੀਂ ਵੀ ਰੋਗੀਆਂ ਦੀ ਇਹ ਸੇਵਾ ਕਰੋ, ਤੁਸੀਂ ਤੇ ਕੁਰਬਾਨ ਜਾਓਗੇ। ਤੁਹਾਡੇ ਦੁਆਰਾ ਸਾਕ੍ਸ਼ਾਤ੍ਕਰ ਵੀ ਹੋ ਸਕਦਾ ਹੈ। ਜੇ ਯੋਗਯੁਕਤ ਹੋ ਤਾਂ ਵੱਡੇ - ਵਡੇ ਸਰਜਨ ਆਦਿ ਸਭ ਤੁਹਾਡੇ ਚਰਨਾਂ ਵਿੱਚ ਆਕੇ ਪੈਂਦੇ ਹਨ। ਤੁਸੀਂ ਕਰਕੇ ਵੇਖੋ। ਇੱਥੇ ਬੱਦਲ ਆਉਂਦੇ ਹਨ ਰਿਫ੍ਰੇਸ਼ ਹੋਣ। ਫਿਰ ਜਾਕੇ ਵਰਸ਼ਾ ਕਰ ਦੂਜਿਆਂ ਨੂੰ ਰਿਫ੍ਰੇਸ਼ ਕਰਨਗੇ। ਕਈ ਬੱਚਿਆਂ ਨੂੰ ਇਹ ਵੀ ਪਤਾ ਨਹੀਂ ਰਹਿੰਦਾ ਹੈ ਕਿ ਬਰਸਾਤ ਕਿੱਥੋਂ ਆਉਂਦੀ ਹੈ? ਸਮਝਦੇ ਹਨ ਇੰਦ੍ਰ ਵਰਸ਼ਾ ਕਰਦੇ ਹਨ। ਸਮਝਦੇ ਹਨ ਇੰਦਰ ਬਾਰਿਸ਼ ਕਰਦੇ ਹਨ। ਇੰਦਰਧਨੁਸ਼ ਕਹਿੰਦੇ ਹਨ ਨਾ। ਸ਼ਾਸਤਰਾਂ ਵਿੱਚ ਤਾਂ ਕਿੰਨੀਆਂ ਗੱਲਾਂ ਲਿੱਖ ਦਿੱਤੀਆਂ ਹਨ। ਬਾਪ ਕਹਿੰਦੇ ਹਨ ਇਹ ਫਿਰ ਵੀ ਹੋਵੇਗਾ, ਡਰਾਮਾ ਵਿੱਚ ਜੋ ਨੂੰਧ ਹੈ। ਅਸੀਂ ਕਿਸੇ ਦੀ ਗਲਾਨੀ ਨਹੀਂ ਕਰਦੇ ਹਾਂ, ਇਹ ਤਾਂ ਬਣਾ - ਬਣਾਇਆ ਅਨਾਦਿ ਡਰਾਮਾ ਹੈ। ਸਮਝਾਇਆ ਜਾਂਦਾ ਹੈ ਕਿ ਇਹ ਭਗਤੀ ਮਾਰਗ ਹੈ। ਕਹਿੰਦੇ ਵੀ ਹਨ ਗਿਆਨ, ਭਗਤੀ, ਵੈਰਾਗ। ਤੁਸੀਂ ਬੱਚਿਆਂ ਨੂੰ ਇਸ ਪੁਰਾਣੀ ਦੁਨੀਆਂ ਤੋਂ ਵੈਰਾਗ ਹੈ। ਤੁਸੀਂ ਮੁਏ ਮਰ ਗਈ ਦੁਨੀਆਂ। ਆਤਮਾ ਸ਼ਰੀਰ ਤੋਂ ਵੱਖ ਹੋ ਗਈ ਤਾਂ ਦੁਨੀਆਂ ਹੀ ਖਲਾਸ।

ਬਾਪ ਬੱਚਿਆਂ ਨੂੰ ਸਮਝਾਉਂਦੇ ਹਨ - ਮਿੱਠੇ ਬੱਚੇ, ਪੜ੍ਹਾਈ ਵਿੱਚ ਗਫ਼ਲਤ ਨਾ ਕਰੋ। ਸਾਰਾ ਮਦਾਰ ਪੜ੍ਹਾਈ ਤੇ ਹੈ। ਬੈਰਿਸਟਰ ਕੋਈ ਤਾਂ

ਇੱਕ ਲੱਖ ਰੁਪਿਆ ਕਮਾਉਂਦੇ ਹਨ ਅਤੇ ਕੋਈ ਬੈਰਿਸਟਰ ਨੂੰ ਪਾਉਣ ਦੇ ਲਈ ਕੋਟ ਵੀ ਨਹੀਂ ਹੋਵੇਗਾ। ਪੜ੍ਹਾਈ ਤੇ ਸਾਰਾ ਮਦਾਰ ਹੈ। ਇਹ ਪੜ੍ਹਾਈ ਤਾਂ ਬਹੁਤ ਸਹਿਜ ਹੈ। ਸਵਦਰਸ਼ਨ ਚੱਕਰਧਾਰੀ ਬਣਨਾ ਹੈ ਮਤਲਬ ਆਪਣੇ 84 ਜਨਮਾਂ ਦੇ ਆਦਿ - ਮੱਧ - ਅੰਤ ਨੂੰ ਜਾਣਨਾ ਹੈ। ਹੁਣ ਇਸ ਸਾਰੇ ਝਾੜ ਦੀ ਜੜਜੜੀਭੂਤ ਅਵਸਥਾ ਹੈ, ਫਾਊਂਡੇਸ਼ਨ ਹੈ ਨਹੀਂ। ਬਾਕੀ ਸਾਰਾ ਝਾੜ ਖੜਾ ਹੈ। ਉਵੇਂ ਇਹ ਆਦਿ ਸਨਾਤਨ ਦੇਵੀ - ਦੇਵਤਾ ਧਰਮ ਜੋ ਸੀ, ਥੁਰ ਸੀ, ਉਹ ਹੁਣ ਹੈ ਨਹੀਂ। ਧਰਮ ਭ੍ਰਿਸ਼ਟ, ਕਰਮ ਭ੍ਰਿਸ਼ਟ ਬਣ ਗਏ ਹਨ। ਮਨੁੱਖ ਕਿਸੇ ਨੂੰ ਸਦਗਤੀ ਦੇ ਨਹੀਂ ਸਕਦੇ ਹਨ। ਬਾਪ ਬੈਠ ਇਹ ਸਭ ਗੱਲਾਂ ਸਮਝਾਉਂਦੇ ਹਨ, ਤੁਸੀਂ ਹਮੇਸ਼ਾ ਦੇ ਲਈ ਸੁਖੀ ਬਣ ਜਾਂਦੇ ਹੋ। ਕਦੀ ਅਕਾਲੇ ਮ੍ਰਿਤੂ ਨਹੀਂ ਹੋਵੇਗੀ। ਫਲਾਣਾ ਮਰ ਗਿਆ, ਇਹ ਅੱਖਰ ਉੱਥੇ ਹੁੰਦਾ ਨਹੀਂ। ਤਾਂ ਬਾਪ ਰਾਏ ਦਿੰਦੇ ਹਨ, ਬਹੁਤਿਆਂ ਨੂੰ ਰਸਤਾ ਦੱਸਣਗੇ ਤਾਂ ਉਹ ਤੁਹਾਡੇ ਤੇ ਕੁਰਬਾਨ ਹੋ ਜਾਣਗੇ। ਕਿਸੇ ਨੂੰ ਸਾਕਸ਼ਾਤ੍ਕਰ ਵੀ ਹੋ ਸਕਦਾ ਹੈ। ਸਾਕਸ਼ਾਤ੍ਕਰ ਸਿਰਫ ਏਮ ਆਬਜੈਕਟ ਹੈ। ਉਸਦੇ ਲਈ ਪੜ੍ਹਨਾ ਤਾਂ ਪਵੇ ਨਾ। ਪੜ੍ਹਨ ਬਗੈਰ ਥੋੜੀ ਬੈਰਿਸਟਰ ਬਣ ਜਾਣਗੇ। ਇਵੇਂ ਨਹੀਂ ਕਿ ਸਾਕਸ਼ਾਤ੍ਕਰ ਹੋਇਆ ਮਤਲਬ ਮੁਕਤ ਹੋਇਆ, ਮੀਰਾ ਨੂੰ ਸਾਕਸ਼ਾਤ੍ਕਰ ਹੋਇਆ, ਇਵੇਂ ਨਹੀਂ ਕਿ ਕ੍ਰਿਸ਼ਨਪੁਰੀ ਵਿੱਚ ਚਲੀ ਗਈ। ਨੌਧਾ ਭਗਤੀ ਕਰਨ ਨਾਲ ਸਾਕਸ਼ਾਤ੍ਕਰ ਹੁੰਦਾ ਹੈ। ਇੱਥੇ ਫਿਰ ਹੈ ਨੌਧਾ ਯਾਦ। ਸੰਨਿਆਸੀ ਫਿਰ ਬ੍ਰਹਮਾ ਗਿਆਨੀ, ਤੱਤਵ ਗਿਆਨੀ ਬਣ ਜਾਂਦੇ ਹਨ। ਬਸ, ਬ੍ਰਹਮ ਵਿੱਚ ਲੀਨ ਹੋਣਾ ਹੈ। ਹੁਣ ਬ੍ਰਹਮ ਤਾਂ ਪਰਮਾਤਮਾ ਨਹੀਂ ਹੈ।

ਹੁਣ ਬਾਪ ਸਮਝਾਉਂਦੇ ਹਨ ਆਪਣਾ ਧੰਧਾ ਆਦਿ ਸ਼ਰੀਰ ਨਿਰਵਾਹ ਦੇ ਲਈ ਭਾਵੇਂ ਕਰੋ ਪਰ ਆਪਣੇ ਨੂੰ ਟ੍ਰਸਟੀ ਸਮਝਕੇ, ਤਾਂ ਉੱਚ ਪਦ ਮਿਲੇਗਾ। ਫਿਰ ਮਮੱਤਵ ਮਿੱਟ ਜਾਵੇਗਾ। ਇਹ ਬਾਬਾ ਲੈਕੇ ਕੀ ਕਰਨਗੇ? ਇਨ੍ਹਾਂ ਨੇ ਤਾਂ ਸਭ ਕੁਝ ਛੱਡਿਆ ਨਾ। ਘਰਬਾਰ ਅਤੇ ਮਹਿਲ ਆਦਿ ਤਾਂ ਬਣਨਾ ਨਹੀਂ ਹੈ। ਇਹ ਮਕਾਨ ਬਣਾਉਂਦੇ ਹਨ ਕਿਓਂਕਿ ਢੇਰ ਬੱਚੇ ਆਉਣਗੇ। ਆਬੂਰੋਡ ਤੋਂ ਇੱਥੇ ਤੱਕ ਕਿਊ ( ਲਾਈਨ ) ਲੱਗ ਜਾਏਗੀ। ਤੁਹਾਡਾ ਹੁਣ ਪ੍ਰਭਾਵ ਨਿਕਲੇ ਤਾਂ ਮੱਥਾ ਹੀ ਖਰਾਬ ਕਰ ਦੇਣ। ਵੱਡੇ ਆਦਮੀ ਆਉਂਦੇ ਹਨ ਤਾਂ ਭੀੜ ਹੋ ਜਾਂਦੀ ਹੈ। ਤੁਹਾਡਾ ਪ੍ਰਭਾਵ ਪਿਛਾੜੀ ਵਿੱਚ ਨਿਕਲਣਾ ਹੈ, ਹੁਣ ਨਹੀਂ। ਬਾਪ ਨੂੰ ਯਾਦ ਕਰਨ ਦਾ ਅਭਿਆਸ ਕਰਨਾ ਹੈ ਤਾਂ ਜੋ ਪਾਪ ਕੱਟ ਜਾਣ। ਇਵੇਂ ਯਾਦ ਵਿੱਚ ਸ਼ਰੀਰ ਛੱਡਣਾ ਹੈ। ਸਤਿਯੁਗ ਵਿੱਚ ਸ਼ਰੀਰ ਛੱਡਣਗੇ, ਸਮਝਣਗੇ ਇੱਕ ਛੱਡ, ਦੂਜਾ ਨਵਾਂ ਲੈਣਗੇ। ਇੱਥੇ ਤਾਂ ਦੇਹ - ਅਭਿਮਾਨ ਕਿੰਨਾ ਰਹਿੰਦਾ ਹੈ। ਫਰਕ ਹੈ ਨਾ। ਇਹ ਸਭ ਗੱਲਾਂ ਨੋਟ ਕਰਨੀਆਂ ਅਤੇ ਕਰਾਉਣੀਆਂ ਹਨ। ਹੋਰਾਂ ਨੂੰ ਵੀ ਆਪ ਸਮਾਨ ਹੀਰੇ ਵਰਗਾ ਬਣਾਉਣਾ ਪਵੇ। ਜਿੰਨਾ ਪੁਰਸ਼ਾਰਥ ਕਰਨਗੇ, ਉੰਨਾ ਉੱਚ ਪਦ ਪਾਉਣਗੇ। ਇਹ ਬਾਪ ਸਮਝਾਉਂਦੇ ਹਨ, ਇਹ ਕੋਈ ਸਾਧੂ - ਮਹਾਤਮਾ ਨਹੀਂ ਹੈ।

ਇਹ ਗਿਆਨ ਬਹੁਤ ਮਜ਼ੇ ਦਾ ਹੈ, ਇਸ ਨੂੰ ਚੰਗੀ ਰੀਤੀ ਧਾਰਨ ਕਰਨਾ ਹੈ। ਇਵੇਂ ਨਹੀਂ, ਬਾਪ ਤੋਂ ਸੁਣਿਆ ਫਿਰ ਇੱਥੇ ਦੇ ਇੱਥੇ ਰਹੇ। ਗੀਤ ਵਿੱਚ ਵੀ ਸੁਣਿਆ ਨਾ, ਕਹਿੰਦੇ ਹਨ ਨਾਲ ਲੈ ਜਾਓ। ਤੁਸੀਂ ਇਨ੍ਹਾਂ ਗੱਲਾਂ ਨੂੰ ਅੱਗੇ ਨਹੀਂ ਸਮਝਦੇ ਸੀ, ਹੁਣ ਬਾਪ ਨੇ ਸਮਝਾਇਆ ਹੈ ਤਾਂ ਸਮਝਦੇ ਹੋ। ਅੱਛਾ!

ਮਿੱਠੇ - ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਪੜ੍ਹਾਈ ਵਿੱਚ ਕਦੀ ਗਫ਼ਲਤ ਨਹੀਂ ਕਰਨਾ ਹੈ। ਸਵਦਰਸ਼ਨ ਚੱਕਰਧਾਰੀ ਬਣ ਕੇ ਰਹਿਣਾ ਹੈ। ਹੀਰੇ ਵਰਗਾ ਬਣਨ ਦੀ ਸੇਵਾ ਕਰਨੀ ਹੈ।

**2.** ਸੱਚੀ ਕਮਾਈ ਕਰਨੀ ਅਤੇ ਕਰਾਉਣੀ ਹੈ। ਆਪਣੀ ਪੁਰਾਣੀ ਸਭ ਚੀਜ਼ਾਂ ਐਕਸਚੇਂਜ ਕਰਨੀ ਹੈ। ਕੁਸੰਗ ਤੋਂ ਆਪਣੀ ਸੰਭਾਲ ਕਰਨੀ ਹੈ।

ਵਰਦਾਨ:- ਜਹਾਨ ਦੇ ਨੂਰ ਬਣ ਭਗਤਾਂ ਨੂੰ ਨਜ਼ਰ ਤੋਂ ਨਿਹਾਲ ਕਰਨ ਵਾਲੇ ਦਰਸ਼ਨੀਏ ਮੂਰਤ ਭਵ

ਸਾਰਾ ਵਿਸ਼ਵ ਤੁਸੀਂ ਜਹਾਨ ਦੇ ਅੱਖਾਂ ਦੀ ਦ੍ਰਿਸ਼ਟੀ ਲੈਣ ਦੇ ਲਈ ਇੰਤਜਾਰ ਵਿੱਚ ਹਨ ਜਦੋਂ ਤੁਸੀਂ ਜਹਾਨ ਦੇ ਨੂਰ ਆਪਣੀ ਸੰਪੂਰਨ ਸਟੇਜ ਤੱਕ ਪਹੁੰਚਣਗੇ ਮਤਲਬ ਸੰਪੂਰਨਤਾ ਦੀ ਅੱਖ ਖੋਲ੍ਹਣਗੇ ਉਦੋਂ ਸੈਕਿੰਡ ਵਿੱਚ ਵਿਸ਼ਵ ਪਰਿਵਰਤਨ ਹੋਵੇਗਾ। ਫਿਰ ਤੁਸੀਂ ਦਰਸ਼ਨੀਏ ਮੂਰਤ ਆਤਮਾ ਆਪਣੀ ਨਜ਼ਰ ਤੋਂ ਭਗਤ ਆਤਮਾਵਾਂ ਨੂੰ ਨਿਹਾਲ ਕਰ ਸਕਨਗੀਆਂ। ਨਜ਼ਰ ਤੋਂ ਨਿਹਾਲ ਹੋਣ ਵਾਲਿਆਂ ਦੀ ਲੰਬੀ ਲਾਇਨ ਹੈ ਇਸਲਈ ਸੰਪੂਰਨਤਾ ਦੀ ਅੱਖ ਖੁਲੀ ਰਹੇ। ਅੱਖਾਂ ਦਾ ਮਲਣਾ ਅਤੇ ਸੰਕਲਪਾਂ ਦਾ ਘੁਟਕਾ ਅਤੇ ਝਟਕਾ ਖਾਣਾ ਬੰਦ ਕਰੋ ਉਦੋਂ ਦਰਸ਼ਨੀਏ ਮੂਰਤ ਬਣ ਸਕੋਂਗੇ।

ਸਲੋਗਨ:- ਨਿਰਮਲ ਸੁਭਾਵ ਨਿਰਮਾਣਤਾ ਦੀ ਨਿਸ਼ਾਨੀ ਹੈ। ਨਿਰਮਲ ਬਣੋ ਤਾਂ ਸਫ਼ਲਤਾ ਮਿਲੇਗੀ।

******

ਆਪਣੀ ਸ਼ਕਤੀਸ਼ਾਲੀ ਮਨਸਾ ਦਵਾਰਾ ਸਾਕਾਸ਼ ਦੇਣ ਦੀ ਸੇਵਾ ਕਰੋ

ਮਨ -ਬੁੱਧੀ ਨੂੰ ਇਕਾਗਰ ਕਰਨ ਦੇ ਲਈ ਮਨਮਨਾਭਵ ਦੇ ਮੰਤਰ ਨੂੰ ਸਦਾ ਸਮ੍ਰਿਤੀ ਵਿੱਚ ਰੱਖੋ। ਮਨਮਨਾਭਵ ਦੇ ਮੰਤਰ ਦੀ ਪ੍ਰੈਕਟੀਕਲ ਧਾਰਨਾ ਨਾਲ ਪਹਿਲਾ ਨੰਬਰ ਆ ਸਕਦੇ ਹੋ। ਮਨ ਦੀ ਇਕਾਗਰਤਾ ਮਤਲਬ ਇੱਕ ਦੀ ਯਾਦ ਵਿੱਚ ਰਹਿਣਾ, ਇਕਾਗਰ ਹੋਣਾ ਇਹ ਹੀ ਏਕਾਂਤ ਹੈ। ਜਦੋਂ ਸਰਵ ਅਕਰਸ਼ਨਾਂ ਦੇ ਵਾਈਬ੍ਰੇਸ਼ਨ ਤੋਂ ਅੰਤਰਮੁਖ ਬਣੋਗੇ ਉਦੋਂ ਮਨਸਾ ਦਵਾਰਾ ਪੂਰੇ ਵਿਸ਼ਵ ਨੂੰ ਸਾਕਾਸ਼ ਦੇਣ ਦੀ ਸੇਵਾ ਕਰ ਸਕੋਗੇ।